## Department of Punjabi

**ਐਮ.ਏ.-ਪੰਜਾਬੀ**
**ਸਮੈਸਟਰ-ਪਹਿਲਾ**

### ਪੇਪਰ- 1 ਪੰਜਾਬੀ ਸਾਹਿਤ ਦਾ ਇਤਿਹਾਸ (ਕੋਰ ਕੋਰਸ)

ਕੋ : ਪੰਜਾਬੀ ਭਾਸ਼ਾ ਵਿੱਚ ਲਿਖੇ ਗਏ ਸਾਹਿਤ ਨੂੰ ਪੰਜਾਬੀ ਸਾਹਿਤ ਕਿਹਾ ਜਾਂਦਾ ਹੈ।ਪੰਜਾਬੀ ਸਾਹਿਤ ਸਿਰਜਨ ਪ੍ਰਕਿਰਿਆ ਸਮੇਂ ਪੈਦਾ ਹੋਈਆਂ ਰਾਜਸੀ,ਸਮਾਜਕ ਅਤੇ ਸੱਭਿਆਚਾਰਕ ਪਰਿਸਥਿਤੀਆਂ ਦੇ ਸਮੁੱਚੇ ਪਿਛੋਕੜ ਅਤੇ ਇਤਿਹਾਸਕ ਵਿਕਾਸ ਨੂੰ ਉਜਾਗਰ ਕਰਕੇ ਇਸ ਸਮੇਂ ਦੌਰਾਨ ਪੈਦਾ ਹੋਈਆਂ ਪਰਿਸਥਿਤੀਆਂ ਦਾ ਮੁਲਾਂਕਣ ਕਰਨਾ ਹੈ। ਇਸ ਮੁਲਾਂਕਣ ਦੇ ਨਾਲ-ਨਾਲ ਆਦਿਕਾਲੀਨ ਅਤੇ ਮੱਧਕਾਲੀਨ ਸਾਹਿਤ ਰਾਹੀਂ ਵਿਦਿਆਰਥੀਆਂ ਨੂੰ ਮਨੁੱਖੀ ਜੀਵਨ ਦੀਆਂ ਘਟਨਾਵਾਂ, ਆਦਿਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਦੇ ਸਾਹਿਤ ਪਹਿਲੂਆਂ ਨੂੰ ਸਮਕਾਲੀ ਪਰਿਪੇਖ ਵਿੱਚ ਇਸਦੀ ਪ੍ਰਸੰਗਿਕਤਾ ਨੂੰ ਵਿਸ਼ਲੇਸ਼ਿਤ ਕਰਨ ਲਈ ਸੂਝ ਪੈਦਾ ਕਰਦਾ ਹੈ।

### ਪੇਪਰ-2 ਸਾਹਿਤ ਅਲੋਚਨਾ ਦੇ ਸਿਧਾਂਤ (ਭਾਰਤੀ ਕਾਵਿ ਸ਼ਾਸਤਰ) (ਕੋਰ ਕੋਰਸ)

ਕੋ : ਸਾਹਿਤ ਦੀ ਪੜਚੋਲ ਕਰਨ ਲਈ ਸਾਹਿਤਕ ਸਿਧਾਂਤਾਂ ਦੀ ਲੋੜ ਹੁੰਦੀ ਹੈ।ਇਸ ਤੋਂ ਬਿਨਾਂ ਕਿਸੇ ਵੀ ਸਾਹਿਤਕ ਰਚਨਾ ਦਾ ਡੂੰਘਾਈ ਨਾਲ ਅਧਿਐਨ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਵਿਸ਼ੇ ਤਹਿਤ ਵਿਦਿਆਰਥੀਆਂ ਨੂੰ ਭਾਰਤੀ ਸਾਹਿਤਕ ਸਿਧਾਂਤਾਂ ਦਾ ਵਿਸਥਾਰ ਪੂਰਵਕ ਅਧਿਐਨ ਕਰਵਾਇਆ ਜਾਂਦਾ ਹੈ।

ਇਸ ਸਮੈਸਟਰ ਵਿੱਚ ਸੰਸਕ੍ਰਿਤ ਵਿਦਵਾਨਾਂ (ਰਸ ਸਿਧਾਂਤ, ਸਾਧਾਰਨੀਕਰਨ, ਵਕ੍ਰੋਕਤੀ, ਅਲੰਕਾਰ, ਰੀਤੀ, ਧੁਨੀ ਅਤੇ ਅਚਿੱਤਰ) ਦੇ ਸਾਹਿਤਕ ਸਿਧਾਂਤਾਂ ਦਾ ਅਧਿਐਨ ਕੀਤਾ ਜਾਂਦਾ ਹੈ।ਇਸ ਤੋਂ ਇਲਾਵਾ ਮੁੱਢਲੇ ਪੰਜਾਬੀ ਆਲੋਚਕਾਂ ਦੀ ਆਲੋਚਨਾ- ਖੂਬੀਆਂ ਅਤੇ ਸੀਮਾਵਾਂ ਦਾ ਵਿਸ਼ਲੇਸ਼ਣ ਕਰਕੇ ਮੈਟਾ ਆਲੋਚਨਾ ਦੇ ਸਿਧਾਂਤ ਨੂੰ ਸਿਖਾਇਆ ਅਤੇ ਪੜ੍ਹਾਇਆ ਜਾਂਦਾ ਹੈ।

### ਪੇਪਰ-3 ਪੰਜਾਬੀ ਨਾਟਕ (ਵਿਕਲਪ-1) (ਇਲੈਕਟਿਵ ਕੋਰਸ)

ਕੋ1: ਨਾਟਕ ਨੂੰ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ। ਆਧੁਨਿਕ ਪੰਜਾਬੀ ਨਾਟਕ ਵੀ ਆਧੁਨਿਕ ਪੰਜਾਬੀ ਸਮਾਜ ਦੀ ਸਮੱਸਿਆ ਨੂੰ ਦਰਸਾਉਂਦਾ ਹੈ।

ਕੋ2: ਇਹ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਅਤੇ ਸਮਾਜ ਦੀਆਂ ਸਮੱਸਿਆਵਾਂ ਨਾਲ ਜੋੜੇਗਾ।

### ਪੇਪਰ-4 ਆਧੁਨਿਕ ਪੰਜਾਬੀ ਕਾਵਿ (ਵਿਕਲਪ-1) (ਚੋਣਵਾਂ ਕੋਰਸ)

ਕੋ: ਸਾਹਿਤ ਨੂੰ ਸਮਕਾਲੀ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਆਧੁਨਿਕ ਪੰਜਾਬੀ ਕਵਿਤਾ ਵੀ ਆਧੁਨਿਕ ਪੰਜਾਬੀ ਸਮਾਜ ਦੀ ਸਮੱਸਿਆ ਦੀ ਤਰਜਮਾਨੀ ਕਰਦੀ ਹੈ। ਇਸ ਵਿਸ਼ੇ ਨੂੰ ਪੜ੍ਹਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਆਧੁਨਿਕ ਸਮੇਂ ਦੇ ਹਰ ਸਮਾਜਿਕ ਅਤੇ ਸੱਭਿਆਚਾਰਕ ਮੁੱਦੇ ਤੋਂ ਜਾਣੂ ਕਰਵਾਉਣਾ ਹੈ। ਵਿਦਿਆਰਥੀਆਂ ਨੂੰ ਇਸ ਵਿਸ਼ੇ ਨੂੰ ਪੜ੍ਹ ਕੇੇ ਆਨੰਦ ਵੀ ਮਿਲਦਾ ਹੈ ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਤਣਾਅ ਤੋਂ ਛੁਟਕਾਰਾ ਮਿਲਦਾ ਹੈ।

ਇਸ ਸਮੈਸਟਰ ਵਿੱਚ ਵਿਦਿਆਰਥੀ ਕਵਿਤਾ ਦੀ ਪਰਿਭਾਸ਼ਾ, ਕਵਿਤਾ ਦੇ ਤੱਤ, ਕਵਿਤਾ ਦੀ ਵਿਚਾਰਧਾਰਾ, ਕਵਿਤਾ ਦਾ ਵਿਹਾਰਕ ਅਧਿਐਨ, ਪ੍ਰੋ: ਪੂਰਨ ਸਿੰਘ, ਪ੍ਰੋ.ਮੋਹਨ ਸਿੰਘ, ਬਾਵਾ ਬਲਵੰਤ ਅਤੇ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦੇ ਸਰੋਕਾਰ, ਵਿਚਾਰਧਾਰਾ ਅਤੇ ਕਲਾ ਦੇ ਪਹਿਲਆਂ ਦਾ ਗਿਆਨ ਹਾਸਿਲ ਕਰਦੇ ਹਨ।

### ਪੇਪਰ-5 ਆਧੁਨਿਕ ਪੰਜਾਬੀ ਗਲਪ (ਵਿਕਲਪ-2) (ਚੋਣਵਾਂ ਕੋਰਸ)

ਕੋ: ਵਿਦਿਆਰਥੀਆਂ ਦੀ ਪੰਜਾਬੀ ਸਾਹਿਤ ਪ੍ਰਤੀ ਰੁਚੀ ਪੈਦਾ ਕਰਨਾ ਹੈ। ਇਸ ਕੋਰਸ ਦੇ ਪਹਿਲੇ ਸਮੈਸਟਰ ਵਿੱਚ ਪੰਜਾਬੀ ਨਾਵਲ ਦੀਆਂ ਮਹੱਤਵਪੂਰਨ ਟੈਕਸਟਾਂ ਰਾਹੀਂ ਸਮਕਾਲੀ ਪੰਜਾਬੀ ਅਤੇ ਪਰਵਾਸੀ ਸਮਾਜ ਦੀਆਂ ਪ੍ਰਮੁੱਖ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਲੱਭਣ ਦਾ ਯਤਨ ਕੀਤਾਂ ਜਾਂਦਾ ਹੈ। ਨਾਵਲ ਉਹ ਲਿਖਤੀ ਰਚਨਾਵਾਂ ਹਨ ਜਿਨ੍ਹਾਂ ਵਿੱਚ ਪਾਠਕ ਜੀਵਨ ਦੀਆਂ ਕਠੋਰ ਹਕੀਕਤਾਂ ਨੂੰ ਗਾਲਪਨਿਕ ਬਿੰਬਾਂ ਰਾਹੀਂ ਜਾਣੂ ਹੁੰਦੇ ਹਨ, ਕਿਉਂਕਿ ਨਾਵਲ ਇੱਕ ਲੇਖਕ ਦੁਆਰਾ ਲਿਖੀ ਗਈ ਜੀਵਨ ਕਹਾਣੀ ਹੈ। ਇਹ ਵਿਦਿਆਰਥੀਆਂ ਦੀ ਸਾਹਿਤਕ ਰੁਚੀ ਨੂੰ ਵਿਸ਼ਾਲ ਕਰਨ ਅਤੇ ਇੱਕ ਬਿਹਤਰ ਜੀਵਨ ਜਿਉਣ ਵਿੱਚ ਮਦਦ ਕਰਦਾ ਹੈ।

Scanned with OKEN Scanner

**ਸਮੈਸਟਰ-ਦੂਜਾ**

**ਪੇਪਰ-1 ਪੰਜਾਬੀ ਸਾਹਿਤ ਦਾ ਇਤਿਹਾਸ (ਕੋਰ ਕੋਰਸ)**

ਕੋ: ਇਸ ਕੋਰਸ ਵਿੱਚ ਆਧੁਨਿਕ ਪੰਜਾਬੀ ਸਾਹਿਤ ਦੀ ਸਿਰਜਣਾ ਦੇ ਇਤਿਹਾਸਕ ਪਿਛੋਕੜ,ਆਧੁਨਿਕਤਾ,ਆਧੁਨਿਕ ਸੰਵੇਦਨਾ ਅਤੇ ਇਸ ਵਿੱਚੋਂ ਪੈਦਾ ਹੋਇਆ ਆਧੁਨਿਕ ਸਾਹਿਤ ਅਤੇ ਪ੍ਰਵਿਰਤੀਆਂ ਰਾਹੀਂ ਸਮਕਾਲੀ ਪੰਜਾਬੀ ਸਾਹਿਤ ਦੇ ਸੁਭਾਅ ਬਾਰੇ ਚੇਤਨਾ ਪੈਦਾ ਕਰਨੀ ਹੈ।ਪੰਜਾਬੀ ਸਾਹਿਤ ਰਾਹੀਂ ਵਿਦਿਆਰਥੀਆਂ ਨੂੰ ਮਨੁੱਖੀ ਜੀਵਨ ਦੀਆਂ ਘਟਨਾਵਾਂ, ਆਦਿਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਦੇ ਸਾਹਿਤਕ ਤੇ ਸਮਾਜਕ ਪਹਿਲੂਆਂ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਪੈਦਾ ਕਰਦੀ ਹੈ।ਇਹ ਕੋਰਸ ਸਾਹਿਤ ਦੀ ਇਤਿਹਾਸਕ ਪਿੱਠਭੂਮੀ ਰਾਹੀਂ ਪੰਜਾਬੀ ਸਮਾਜ ਤੇ ਜਨ-ਜੀਵਨ ਦੇ ਇਤਿਹਾਸ ਨਾਲ ਜੋੜਦਾ ਹੈ।

**ਪੇਪਰ-2 ਸਾਹਿਤ ਅਲੋਚਨਾ ਦੇ ਸਿਧਾਂਤ (ਪੱਛਮੀ ਕਾਵਿ ਸ਼ਾਸਤਰ) (ਕੋਰ ਕੋਰਸ)**

ਕੋ1: ਸਾਹਿਤ ਦੀ ਜਾਂਚ ਕਰਨ ਲਈ ਸਾਹਿਤਕ ਸਿਧਾਂਤਾਂ ਦੀ ਲੋੜ ਹੁੰਦੀ ਹੈ। ਇਸ ਤੋਂ ਬਿਨਾਂ ਕਿਸੇ ਵੀ ਸਾਹਿਤਕ ਰਚਨਾ ਦਾ ਡੂੰਘਾਈ ਨਾਲ ਅਧਿਐਨ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਵਿਸ਼ੇ ਅਧੀਨ ਵਿਦਿਆਰਥੀਆਂ ਨੂੰ ਪੱਛਮੀ ਸਾਹਿਤਕ ਸਿਧਾਂਤਾਂ ਦਾ ਵਿਸਥਾਰ ਪੂਰਵਕ ਅਧਿਐਨ ਕੀਤਾ ਜਾਂਦਾ ਹੈ।

ਕੋ2: ਗ੍ਰੀਕੋ-ਰੋਮਨ ਸਾਹਿਤਕ ਸਿਧਾਂਤ (ਇਮਟੇਸ਼ਨ ਥਿਊਰੀ, ਕੈਥਾਰਸਿਸ, ਅਤੇ ਤ੍ਰਾਸਦੀ), ਪੱਛਮੀ ਸਾਹਿਤਕ ਸਿਧਾਂਤ (ਮਾਰਕਸਵਾਦ, ਨਵ-ਮਾਰਕਸਵਾਦ, ਮਨੋਵਿਸ਼ਲੇਸ਼ਣ, ਸੰਰਚਨਾਵਾਦ, ਉੱਤਰ-ਸੰਰਚਨਾਵਾਦ, ਆਧੁਨਿਕਤਾਵਾਦ, ਉੱਤਰ-ਆਧੁਨਿਕਤਾਵਾਦ, ਨਾਰੀਵਾਦ, ਹੋਂਦਵਾਦ ਆਦਿ) ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਨੂੰ ਉੱਘੇ ਪੰਜਾਬੀ ਆਲੋਚਕਾਂ ਦੀ ਆਲੋਚਨਾ-ਦ੍ਰਿਸ਼ਟੀ ਰਾਹੀਂ ਸਮਝਾਉਣਾ ਹੈ।

**ਪੇਪਰ- 3 ਪੰਜਾਬੀ ਨਾਟਕ (ਵਿਕਲਪ-1) (ਇਲੈਕਟਿਵ ਕੋਰਸ)**

ਕੋ1: ਨਾਟਕ ਰੰਗਮੰਚ ਰਾਹੀਂ ਜੀਵਨ ਦੀਆਂ ਹਕੀਕਤਾਂ ਨੂੰ ਨਾਟਕੀ ਰੂਪ ਵਿੱਚ ਦਰਸਾਉਂਦਾ ਹੈ।ਪੰਜਾਬੀ ਦੀਆਂ ਮਹੱਤਵਪੂਰਨ ਨਾਟ-ਕਿਰਤਾਂ ਰਾਹੀਂ ਸਮਾਜ ਦੀਆਂ ਕਰੂਪ ਅਤੇ ਉਸਾਰੂ ਜੀਵਨ ਝਲਕੀਆਂ ਰਾਹੀਂ ਵਿਦਿਆਰਥੀ ਸਮਾਜ ਦੇ ਯਥਾਰਥ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ।

ਕੋ2: ਇਹ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਅਤੇ ਸਮਾਜ ਦੀਆਂ ਸਮੱਸਿਆਵਾਂ ਨਾਲ ਜੋੜੇਗਾ।

**ਪੇਪਰ- 4 ਆਧੁਨਿਕ ਪੰਜਾਬੀ ਕਾਵਿ (ਵਿਕਲਪ-1) (ਚੋਣਵਾਂ ਕੋਰਸ)**

ਕੋ: ਸਾਹਿਤ ਨੂੰ ਸਮਕਾਲੀ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਆਧੁਨਿਕ ਪੰਜਾਬੀ ਕਵਿਤਾ ਵੀ ਆਧੁਨਿਕ ਪੰਜਾਬੀ ਸਮਾਜ ਦੀ ਸਮੱਸਿਆ ਦੀ ਤਰਜਮਾਨੀ ਕਰਦੀ ਹੈ। ਇਸ ਵਿਸ਼ੇ ਨੂੰ ਪੜ੍ਹਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਆਧੁਨਿਕ ਸਮੇਂ ਦੇ ਹਰ ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ ਤੋਂ ਜਾਣੂ ਕਰਵਾਉਣਾ ਹੈ। ਵਿਦਿਆਰਥੀਆਂ ਇਸ ਵਿਸ਼ੇ ਨੂੰ ਪੜ੍ਹਕੇ ਜਿਥੇ ਸੁਹਜ ਮਾਣਦਾ ਹੈ,ਉਥੇ ਆਪਣੇ ਆਪੇ ਦਾ ਕਥਾਰਸਿਸ ਵੀ ਕਰਦਾ ਹੈ।

ਇਸ ਸਮੈਸਟਰ ਵਿੱਚ ਵਿਦਿਆਰਥੀਆਂ ਨੂੰ ਅਲੰਕਾਰਿਕ ਗੀਤ, ਗ਼ਜ਼ਲ, ਬਿਰਤਾਂਤਕ ਕਾਵਿ ਆਦਿ ਬਾਰੇ ਪੜ੍ਹਾਇਆ ਜਾਂਦਾ ਹੈ, ਇਸ ਤੋਂ ਇਲਾਵਾ ਪੰਜਾਬੀ ਕਵੀਆਂ ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਜਗਤਾਰ ਅਤੇ ਪਾਸ਼ ਦੀ ਕਵਿਤਾ ਦਾ ਆਲੋਚਨਾਤਮਕ ਅਧਿਐਨ ਕਰਵਾਇਆ ਜਾਂਦਾ ਹੈ।

**ਪੇਪਰ-5 ਆਧੁਨਿਕ ਪੰਜਾਬੀ ਗਲਪ (ਵਿਕਲਪ-2) (ਚੋਣਵਾਂਕੋਰਸ)**

ਕੋ: ਵਿਦਿਆਰਥੀਆਂ ਦੀ ਪੰਜਾਬੀ ਸਾਹਿਤ ਪ੍ਰਤੀ ਰੁਚੀ ਪੈਦਾ ਕਰਨਾ ਹੈ। ਇਸ ਕੋਰਸ ਦੇ ਦੂਜੇ ਸਮੈਸਟਰ ਵਿੱਚ ਗਲਪ ਸਾਹਿਤ ਦੀ ਵਿਧਾ ਕਹਾਣੀ ਬਾਰੇ ਪੜ੍ਹਾਇਆ ਜਾਂਦਾ ਹੈ। ਇਸ ਵਿਸ਼ੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਨਾਲ ਜੋੜਨਾ ਹੈ। ਇਨ੍ਹਾਂ ਕਹਾਣੀਆਂ ਦੇ ਬਿਰਤਾਂਤ ਰਾਹੀਂ ਪਾਠਕ/ਵਿਦਿਆਰਥੀ ਜੀਵਨ ਦੀ ਅਸਲ ਤਸਵੀਰ ਦੇ ਪਾਸਾਰਾਂ ਨੂੰ ਸਮਝਣ ਦਾ ਯਤਨ ਕਰਦਾ ਹੈ ਜੋ ਵਿਦਿਆਰਥੀਆਂ ਨੂੰ ਸਕਾਰਾਤਮਕ ਰਵੱਈਏ ਨਾਲ ਜੀਵਨ ਦੇ ਖਤਰਿਆਂ ਦਾ ਸਾਹਮਣਾ ਕਰਨ ਵਿੱਚ ਮਦਦ ਕਰਦੀ ਹੈ।

Scanned with OKEN Scanner

**ਸਮੈਸਟਰ- ਤੀਜਾ**
**ਪੇਪਰ-1 ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ (ਕੋਰ ਕੋਰਸ)**
ਕੋ1: ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ ਇਸ ਕੋਰਸ ਦਾ ਪ੍ਰਕਾਰਜ ਭਾਸ਼ਾ ਵਿਗਿਆਨ ਦੇ ਇਤਿਹਾਸਕ ਪੈਰਾਡਾਇਮ ਨੂੰ ਸਿਰਜ ਕੇ ਵਿਸ਼ਵ ਵਿੱਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਦੇ ਇਤਿਹਾਸਕ ਵਿਕਾਸ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਹੈ।ਸੰਸਾਰ ਭਾਸ਼ਾ-ਪਰਿਵਾਰਾਂ ਬਾਰੇ ਮੁੱਢਲੇ ਵਿਸ਼ਲੇਸ਼ਣ ਦੇ ਨਾਲ-ਨਾਲ ਭਾਸ਼ਾ ਦੇ ਵਿਸ਼ਲੇਸ਼ਣ ਸਬੰਧੀ ਪ੍ਰਮੁੱਖ ਸਿਧਾਂਤਾਂ ਦਾ ਗਿਆਨ ਪ੍ਰਦਾਨ ਕਰਨਾ ਹੈ ਤਾਂ ਜੋ ਵਿਦਿਆਰਥੀ ਵਿਸ਼ਵ ਭਾਸ਼ਾਵਾਂ ਤੇ ਸਿਧਾਂਤਾਂ ਦੇ ਹਵਾਲੇ ਨਾਲ ਪੰਜਾਬੀ ਭਾਸ਼ਾ ਦੇ ਸਰੂਪ ਅਤੇ ਅਸਤਿਤਵ ਬਾਰੇ ਗਿਆਨ ਪ੍ਰਾਪਤ ਕਰ ਸਕੇ।
ਕੋ2: ਵਿਦਿਆਰਥੀ ਭਾਸ਼ਾ ਵਿਗਿਆਨ ਦੇ ਵੱਖ-ਵੱਖ ਪਹਿਲੂਆਂ ਬਾਰੇ ਗਿਆਨ ਪ੍ਰਾਪਤ ਕਰਨਗੇ।

**ਪੇਪਰ-2 ਸਭਿਅਚਾਰ ਅਤੇ ਪੰਜਾਬੀ ਸਭਿਆਚਾਰ (ਕੋਰ ਕੋਰਸ)**
ਕੋ 1: ਇਹ ਕੋਰਸ ਸਭਿਅਚਾਰ ਦੇ ਸਿਧਾਂਤਕ ਸਰੂਪ ਰਾਹੀਂ ਪੰਜਾਬੀ ਸਭਿਆਚਾਰ `ਤੇ ਰੌਸ਼ਨੀ ਪਾਵੇਗਾ।
ਕੋ2: ਵਿਦਿਆਰਥੀ ਵੱਖ-ਵੱਖ ਪੰਜਾਬੀ ਸਭਿਆਚਾਰ ਦੇ ਪਹਿਲੂਆਂ ਬਾਰੇ ਗਿਆਨ ਪ੍ਰਾਪਤ ਕਰਨਗੇ।

**ਪੇਪਰ-3 ਗੁਰਮਤਿ ਕਾਵਿ (ਵਿਕਲਪ-1) (ਚੋਣਵਾਂ ਕੋਰਸ)**
ਕੋ: ਗੁਰਮਤਿ ਕਾਵਿ ਦਾ ਵਿਸ਼ਾ ਵਿਦਿਆਰਥੀਆਂ ਨੂੰ ਸਮੁੱਚੀ ਮਾਨਵਤਾ ਦੀ ਬਿਹਤਰੀ ਲਈ ਜਾਤ, ਧਰਮ, ਨਸਲ, ਲਿੰਗ ਅਤੇ ਖੇੇਤਰਵਾਦ ਤੋਂ ਉਪਰ ਉਠਕੇ ਉਨ੍ਹਾਂ ਵਿੱਚ ਮਾਨਸਿਕ ਤੇ ਆਤਮਿਕ ਉੱਚਤਾ ਪ੍ਰਦਾਨ ਕਰਦਾ ਹੈ।ਇਸ ਸਮੈਸਟਰ ਵਿੱਚ ਵਿਦਿਆਰਥੀਆਂ ਨੂੰ ਭਾਰਤੀ ਦਰਸ਼ਨ, ਗੁਰਮਤਿ ਸਿਧਾਂਤ, ਕੀਮਤ ਸਿਧਾਂਤ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਬਾਣੀਕਾਰਾਂ ਦੀ ਬਾਣੀ ਤੋਂ ਜਾਣੂ ਕਰਵਾਇਆ ਜਾਂਦਾ ਹੈ।ਪ੍ਰਮੁੱਖ ਤੌਰ 'ਤੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਦੇ ਹਵਾਲੇ ਨਾਲ ਮਾਨਵੀ,ਸਮਾਜਕ ਅਤੇ ਅਧਿਆਤਮਕ ਸਰੋਕਾਰਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਜਾਂਦਾ ਹੈ।

**ਪੇਪਰ-4 ਪੰਜਾਬੀ ਵਾਰਤਕ - (ਵਿਕਲਪ-1) (ਚੋਣਵਾਂ ਕੋਰਸ)**
ਕੋ: ਵਾਰਤਕ ਸਾਹਿਤ ਹੋਰ ਸਾਹਿਤਕ ਰੂਪ ਨਾਲੋਂ ਬੋਧਿਕਤਾ ਦਾ ਪ੍ਰਗਟਾਵਾ ਵਧੇਰੇ ਕਰਦਾ ਹੈ।ਇਸ ਕੋਰਸ ਵਿੱਚ ਵਿਦਿਆਰਥੀ ਵਾਰਤਕ ਦੇ ਸਿਧਾਂਤਕ ਸਰੂਪ ਅਤੇ ਵਾਰਤਕ ਦੇ ਮੁੱਢਲੇ ਰੂਪਾਂ ਦਾ ਗਿਆਨ ਹਾਸਿਲ ਕਰਦੇ ਹਨ।ਪੁਰਾਤਨ ਅਤੇ ਮੱਧਕਾਲੀ ਵਾਰਤਕ ਜਿਸਦਾ ਆਧੁਨਿਕ ਵਾਰਤਕ ਨਾਲੋਂ ਸਰੂਪਗਤ ਅਤੇ ਸ਼ੈਲੀਗਤ ਵਖਰੇਵਾਂ ਹੈ,ਰਾਹੀਂ ਵਿਦਿਆਰਥੀ ਸਮਾਜਕ ਤੇ ਸਾਹਿਤਕ ਵਿਰੋਧਤਾਵਾਂ ਤੇ ਸਮਾਨਤਾਵਾਂ ਨੂੰ ਸਮਝਣ ਦੇ ਸਮਰੱਥ ਹੁੰਦੇ ਹਨ।ਮੁੱਢਲੇ ਪੰਜਾਬੀ ਵਾਰਤਕਕਾਰਾਂ ਭਾਈ ਵੀਰ ਸਿੰਘ,ਸ਼ਰਧਾ ਰਾਮ ਫ਼ਿਲੌਰੀ ਅਤੇ ਗੁਰਬਖਸ਼ ਸਿੰਘ ਦੀਆਂ ਚੋਣਵੀਆਂ ਵਾਰਤਕ-ਕਿਰਤਾਂ ਰਾਹੀਂ ਇਹ ਕੋਰਸ ਵਿਦਿਆਰਥੀਆਂ ਵਿੱਚ ਬੋਧਿਕ ਸੂਝ ਪੈਦਾ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

**ਪੇਪਰ-5 ਸੂਫੀ ਅਤੇ ਬੀਰ ਕਾਵਿ - (ਵਿਕਲਪ-1) (ਚੋਣਵਾਂ ਕੋਰਸ)**
ਕੋ: ਪੰਜਾਬੀ ਸੂਫੀ ਅਤੇ ਬੀਰ ਕਾਵਿ ਪਰੰਪਰਾ ਪੰਜਾਬੀ ਸਾਹਿਤ ਦੇ ਆਦਿਕਾਲੀਨ ਅਤੇ ਮੱਧਕਾਲੀਨ ਦੌਰ ਦੀ ਮਹੱਤਵਪੂਰਨ ਕਾਵ-ਧਾਰਾ ਹੈ। ਇਹ ਸ਼ਾਇਰੀ ਪੰਜਾਬੀ ਸਾਹਿਤ, ਇਤਿਹਾਸ ਅਤੇ ਸੱਭਿਆਚਾਰ ਦੀ ਗੌਰਵਮਈ ਪੂੰਜੀ ਹੈ। ਪੰਜਾਬੀ ਸੂਫ਼ੀ ਕਵੀਆਂ ਨੇ ਸਾਮੀ ਅਤੇ ਸਨਾਤਨੀ ਮੱਤ ਦੇ ਸਿਧਾਂਤਾਂ ਨੂੰ ਜੋੜਨ ਵਿੱਚ ਇਕ ਕੜੀ ਦਾ ਕਾਰਜ ਕੀਤਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਗੂੜ੍ਹੇ ਰੰਗ ਇਸ ਕਾਵਿ ਵਿੱਚੋਂ ਵੇਖੇ ਜਾ ਸਕਦੇ ਹੈ। ਇਸ ਸਾਹਿਤ ਰਾਹੀਂ ਵਿਦਿਆਰਥੀਆਂ ਨੂੰ ਸਮਾਜ, ਕੁਦਰਤ ਅਤੇ ਮਨੁੱਖਤਾ ਨਾਲ ਜੁੜਨ ਦਾ ਮੌਕਾ ਮਿਲਦਾ ਹੈ। ਸੂਫ਼ੀ ਕਾਵਿ ਵਿੱਚ ਹਰ ਸਮਾਜਿਕ ਪਹਿਲੂ ਦੀ ਚਰਚਾ ਹੁੰਦੀ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਨੇ ਪੰਜਾਬੀਆਂ ਵਿੱਚ ਵੀਰਤਾ ਦੇ ਗੁਣਾਂ ਨੂੰ ਜਨਮ ਦਿੱਤਾ ਹੈ।ਪੰਜਾਬੀ ਦੇ ਅਜਿਹੇ ਅਣਖੀਲੇ ਅਤੇ ਜੁਝਾਰੂ ਸੁਭਾਅ ਨੇ ਪੰਜਾਬੀ ਸਾਹਿਤ ਨੂੰ ਵਾਰ ਤੇ ਜੰਗਨਾਮਾ ਕਾਵਿ ਵਰਗਾ ਮਹੱਤਵਪੂਰਨ ਾਵਿ ਦਿੱਤਾ।ਇਹ ਕੋਰਸ ਵਿਦਿਆਰਥੀਆਂ ਨੂੰ ਉਹਨਾਂ ਦੇ ਇਤਿਹਾਸਕ ਵਿਰਸੇ ਨਾਲ ਜੋੜਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

**ਸਮੈਸਟਰ- ਚੌਥਾ**

**ਪੇਪਰ-1 ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ (ਕੋਰ ਕੋਰਸ)**
ਕੋ:1 ਇਹ ਕੋਰਸ ਭਾਸ਼ਾਵਾਂ ਦੇ ਗਿਆਨ ਰਾਹੀਂ ਮਾਨਵਤਾ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਾ ਹੈ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦੇ ਸਰੂਪ,ਇਸਦੇ ਇਤਿਹਾਸਕ ਵਿਕਾਸ,ਇਸਦੀ ਵਿਆਕਰਨਿਕ ਵਿਲੱਖਣਤਾ ਰਾਹੀਂ ਵਿਦਿਆਰਥੀਆਂ ਨੂੰਪੰਜਾਬੀ ਭਾਸ਼ਾ ਦੀਆਂ ਭਾਸ਼ਾਗਤ ਵਿਲੱਖਣਤਾਵਾਂ ਬਾਰੇ ਜਾਣੂ ਕਰਵਾਉਣਾ ਹੈ।ਇਹ ਕੋਰਸ ਭਾਸ਼ਾ ਦੇ ਗਿਆਨ ਦੀ ਭਾਰਤੀ ਦਾਰਸ਼ਨਿਕ ਪਰੰਪਰਾ ਨਾਲ ਵੀ ਵਿਦਿਆਰਥੀ ਨੂੰ ਜੋੜਦਾ ਹੈ।

Scanned with OKEN Scanner

**ਪੇਪਰ-2 ਲੋਕਧਾਰਾ ਅਤੇ ਪੰਜਾਬੀ ਲੋਕਧਾਰਾ (ਕੋਰ ਕੋਰਸ)**
ਇਹ ਵਿਦਿਆਰਥੀਆਂ ਨੂੰ ਲੋਕਧਾਰਾ ਦੇ ਸਿਧਾਂਤ,ਲੋਕਧਾਰਾ ਦੀ ਮਾਨਵੀ ਜੀਵਨ-ਜਾਂਚ ਨਾਲ ਸਾਂਝ ਰਾਹੀਂ ਪੰਜਾਬੀ ਲੋਕਧਾਰਾ ਦੇ ਵੱਖ-ਵੱਖ ਪਹਿਲੂਆਂ ਦੀ ਪੜਚੋਲ ਕਰਨ ਦੇ ਸਮਰੱਥ ਬਣਾਉਂਦਾ ਹੈ।

**ਪੇਪਰ-3 ਗੁਰਮਤਿ ਕਾਵਿ (ਭਗਤ ਬਾਣੀ ਅਧਿਆਨ ਵਿਕਲਪ-1) (ਚੋਣਵਾਂ ਕੋਰਸ)**
ਕੋ: ਗੁਰਮਤਿ ਕਾਵਿ ਦਾ ਵਿਸ਼ਾ ਵਿਦਿਆਰਥੀਆਂ ਨੂੰ ਸਮੁੱਚੀ ਮਾਨਵਤਾ ਦੀ ਬਿਹਤਰੀ ਲਈ ਜਾਤ, ਧਰਮ, ਨਸਲ, ਲਿੰਗ ਅਤੇੇ ਖੇਤਰਵਾਦ ਤੋਂ ਉਪਰ ਉਠਕੇ ਉਨ੍ਹਾਂ ਨੂੰ ਆਤਮਿਕ ਤੇ ਮਾਨਸਿਕ ਉੱਚਤਾ ਅਤੇ ਸਮਜਕ ਮੁੱਲਾਂ ਲਈ ਪ੍ਰੇਰਿਤ ਕਰਨਾ ਹੈ।ਇਸ ਸਮੈਸਟਰ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਸਾਹਿਬਾਨ ਬਾਬਾ ਸ਼ੇਖ ਫਰੀਦ, ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਦੀ ਸਮੁੱਚੀ ਬਾਣੀ ਰਾਹੀਂ ਸਮਕਾਲੀ ਸਮਾਜ ਵਿੱਚ ਦਰਪੇਸ਼ ਸਮੱਸਿਆਵਾਂ ਅਤੇ ਚੁਣੌਤੀਆਂ ਦੇ ਲਈ ਸੇਧ ਪ੍ਰਦਾਨ ਕਰਨ ਦਾ ਮਹੱਤਵਪੂਰਨ ਸਰੋਤ ਹੈ।

**ਪੇਪਰ-4 ਆਧੁਨਿਕ ਪੰਜਾਬੀ ਵਾਰਤਕ (ਵਿਕਲਪ-1) (ਇਲੈਕਟਿਵ ਕੋਰਸ)**
ਕੋ: ਵਾਰਤਕ ਸਾਹਿਤ ਹੋਰ ਸਾਹਿਤਕ ਰੂਪ ਨਾਲੋਂ ਬੋਧਿਕਤਾ ਦਾ ਪ੍ਰਗਟਾਵਾ ਵਧੇਰੇ ਕਰਦਾ ਹੈ।ਇਸ ਕੋਰਸ ਵਿੱਚ ਵਿਦਿਆਰਥੀ ਵਾਰਤਕ ਦੇ ਸਿਧਾਂਤਕ ਸਰੂਪ ਅਤੇ ਪੰਜਾਬੀ ਵਾਰਤਕ ਦੇ ਆਧੁਨਿਕ ਰੂਪਾਂ ਦਾ ਗਿਆਨ ਹਾਸਿਲ ਕਰਦੇ ਹਨ।ਪੁਰਾਤਨ ਅਤੇ ਮੱਧਕਾਲੀ ਵਾਰਤਕ ਜਿਸਦਾ ਆਧੁਨਿਕ ਵਾਰਤਕ ਨਾਲੋਂ ਸਰੂਪਗਤ ਅਤੇ ਸ਼ੈਲੀਗਤ ਵਖਰੇਵਾਂ ਹੈ,ਰਾਹੀਂ ਵਿਦਿਆਰਥੀ ਸਮਾਜਕ ਤੇ ਸਾਹਿਤਕ ਵਿਰੋਧਤਾਵਾਂ ਤੇ ਸਮਾਨਤਾਵਾਂ ਨੂੰ ਸਮਝਣ ਦੇ ਸਮਰੱਥ ਹੁੰਦੇ ਹਨ।ਆਧੁਨਿਕ ਪੰਜਾਬੀ ਵਾਰਤਕਕਾਰਾਂ ਦੀਆਂ ਚੋਣਵੀਆਂ ਵਾਰਤਕ-ਕਿਰਤਾਂ ਰਾਹੀਂ ਇਹ ਕੋਰਸ ਵਿਦਿਆਰਥੀਆਂ ਵਿੱਚ ਬੋਧਿਕ ਸੂਝ ਪੈਦਾ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

**ਪੇਪਰ-5 ਕਿੱਸਾ ਕਾਵਿ (ਵਿਕਲਪ-1) (ਚੋਣਵਾਂ ਕੋਰਸ)**
ਕੋ:1 ਇਹ ਕਾਵਿ-ਧਾਰਾ ਪੰਜਾਬੀ ਸਾਹਿਤ ਦੇ ਮੱਧਕਾਲੀ ਕਾਵਿ-ਰੂਪਾਂ ਨੂੰ ਨਵਾਂ ਸੁਭਾਅ ਅਤੇ ਸਰੂਪ ਪ੍ਰਦਾਨ ਕਰਦੀ ਹੈ।
ਇਹ ਕਾਵਿ-ਧਾਰਾ ਵਿਦਿਆਰਥੀਆਂ ਨੂੰ ਜਿਥੇ ਸਮਾਜਕ ਮੁੱਲਾਂ ਪ੍ਰਤੀ ਚੇਤੰਨ ਹੋਣ ਲਈ ਪ੍ਰੇਰਦੀ ਹੈ,ਉਥੇ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਡੂੰਘੇ ਵਿਸ਼ਲੇਸ਼ਣ ਲਈ ਦ੍ਰਿਸ਼ਟੀ ਅਤੇ ਪ੍ਰਤਿਭਾ ਪੈਦਾ ਕਰਦੀ ਹੈ।

Scanned with OKEN Scanner